# ਕੀ ਤੁਸੀਂ ਜਾਣਦੇ ਹੋ?

• ਜਨਵਰੀ ੧੭, ੧੮੭੬ ਨੂੰ ਪਹਿਲੀ ਵਾਰ ਸੁਪ੍ਰੀਮ ਕੋਰਟ (ਸ਼੍ਰੋਮਣੀ ਅਦਾਲਤ) ਦੀ ਬੈਠਕ ਹੋਈ ਪਰ ਸੁਣਵਾਈ ਲਈ ਕੋਈ ਮੁਕੱਦਮਾ (ਕੇਸ) ਨਹੀਂ ਸੀ। ਉਸ ਸਾਲ ਦੀ ਅਪ੍ਰੈਲ ਵਿਚ, ਸੁਪ੍ਰੀਮ ਕੋਰਟ ਨੇ ਪਹਿਲਾ ਮੁਕੱਦਮਾ ਸੁਣਿਆ। ਜੂਨ ਵਿਚ ਉਸ ਨੇ ਇੱਕ ਹਫ਼ਤਾ ਬੈਠਕ ਕੀਤੀ ਅਤੇ ਤਿੰਨ ਮੁਕੱਦਮੇ ਨਜਿੱਠੇ। ਆਉਂਦੀ ਜਨਵਰੀ ਵਿਚ, ਉਸ ਨੇ ਕੰਮ ਦੇ ਇੱਕ ਪੂਰੇ ਵੇਰਵੇ ਨਾਲ ਨਿਯਮਕ ਅਜਲਾਸ (ਸੈਸ਼ਨ) ਲਾਉਣੇ ਸ਼ੁਰੂ ਕਰ ਦਿੱਤੇ।

• ਜੇ ਵੱਡੇ ਲਾਟ (ਗਵਰਨਰ ਜੈਨਰਲ) ਅਕਾਲ ਚਲਾਣਾ ਕਰ ਜਾਉਂਦੇ ਹਨ, ਅਸਮਰਥ ਹੋ ਜਾਉਂਦੇ ਹਨ ਜਾਂ ਇੱਕ ਮਹੀਨੇ ਤੋਂ ਵਧ ਸਮੇਂ ਲਈ ਦੇਸ਼ ਤੋਂ ਗ਼ੈਰ-ਹਾਜ਼ਰ ਹੋ ਜਾਉਂਦੇ ਹਨ, ਮੁਖ ਜੱਜ (ਚੀਫ਼ ਜਸਟਿਸ) ਜਾਂ ਜੇਕਰ ਉਹ ਦਫ਼ਤਰ ਖਾਲੀ ਹੈ, ਸੁਪ੍ਰੀਮ ਕੋਰਟ ਦਾ ਸੀਨੀਅਰ ਛੋਟਾ ਜੱਜ (ਪ੍ਯੂਇਨ) ਕੈਨੇਡਾ ਦਾ ਪ੍ਰਸ਼ਾਸਕ ਬਣ ਜਾਉਂਦਾ ਹੈ ਅਤੇ ਵੱਡੇ ਲਾਟ ਦੀ ਸਾਰੀ ਰਾਜ-ਤਾਕਤਾਂ ਅਤੇ ਕਰਤੱਵਾਂ ਦੀ ਵਰਤੋਂ ਕਰਦਾ ਹੈ।

• ਜੱਜਾਂ ਦੀ ਨਿਯੁਕਤੀ ਗਵਰਨਰ ਦੁਆਰਾ ਕੌਂਸਲ ਵਿਚ ਹੁੰਦੀ ਹੈ। ਓਹ ੭੫ ਸਾਲ ਦੀ ਉਮਰ ਤਕ ਉਹਦੇ ਤੇ ਟਿਕੇ ਰਹਿ ਸਕਦੇ ਹਨ।

• ਪ੍ਯੂਇਨ ਜੱਜ: "ਪ੍ਯੂਇਨ" ਇੱਕ ਪੁਰਾਣਾ ਫ਼੍ਰੈਂਚ ਸ਼ਬਦ ਹੈ ਜਿਸ ਦਾ ਮਤਲਬ ਹੈ ਛੋਟਾ। ਸੁਪ੍ਰੀਮ ਕੋਰਟ ਦੁਆਰਾ ਵਰਤੇ ਇਹ ਅੱਖਰ, ਮੁਖ ਜੱਜ ਨੂੰ, ਦੂਜੇ ਅੱਠ ਜੱਜਾਂ ਤੋਂ, ਭਿੰਨ ਦਰਸਾਉਂਦੇ ਹਨ।

• ਕੋਰਟ ਦੀ ਇਮਾਰਤ ਦੇ ਕੋਣਵੇਂ ਪੱਥਰ ਤੇ ਮਈ ੧੯, ੧੯੩੯ ਦੀ ਤਰੀਕ ਹੈ ਅਤੇ ਉਹ ਛੇਵੇਂ ਬਾਦਸ਼ਾਹ (ਕਿੰਗ) ਜੋਰਜ ਦੁਆਰਾ ਧਰੇ ਜਾਉਣਾ ਸੀ। ਰਾਣੀ ਐਲਿਜ਼ਾਬੈਥ ਨੇ ਮਈ ੨੦, ੧੯੩੯ ਨੂੰ ਆਪਣੇ ਪਤੀ, ਕਿੰਗ ਦੀ ਮੌਜੁਦਗੀ ਵਿਚ ਕੋਣਵਾ ਪੱਥਰ ਧਰਿਆ।

• ਸੁਪ੍ਰੀਮ ਕੋਰਟ ਦੀ ਇਮਾਰਤ ਦੇ ਅੱਗੇ ਦੋ ਝੰਡੇਥੰਮ ਹਨ। ਪੱਛਮ ਵਲ ਕਨੇਡੀਅਨ ਝੰਡਾ ਰੋਜ਼ ਲਹਿਰਾਇਆ ਜਾਉਂਦਾ ਹੈ। ਦੂਜਾ ਝੰਡਾ ਕੇਵਲ ਤਦ ਲਹਿਰਾਇਆ ਜਾਉਂਦਾ ਹੈ ਜਦ ਕੋਰਟ ਦੀ ਬੈਠਕ ਲਗਦੀ ਹੈ।

• ਸੁਪ੍ਰੀਮ ਕੋਰਟ ਦੀ ਇਮਾਰਤ ਦੀ ਪੌੜਿਆਂ ਤੇ ੩-ਮੀਟਰ ਉੱਚੇ ਕਾਂਸੇ ਦੇ ਦੋ ਬੁੱਤ ਖੜੇ ਕੀਤੇ ਹੋਏ ਹਨ। ਏਹ ੧੯੨੦ ਤੋਂ ਸੁਵੱਖਤੇ ਕਿੰਗ ਐਡਵਰਡ ਸੱਤਵੇਂ ਦੀ ਯਾਦਗਾਰ ਵਿਚ ਇੱਕ ਵੱਡੇ ਹਿੱਸੇ ਵਜੋਂ ਰਚੇ ਗਏ ਸਨ ਅਤੇ ਏਹਨਾਂ ਨੂੰ ਏਹਨਾਂ ਦੇ ਪੂਰੇ ਹੋਣ ਤਕ ਸੰਭਾਲ ਕੇ ਰੱਖਿਆ ਜਾਉਣਾ ਸੀ। ਸੱਤਵੇਂ ਐਡਵਰਡ ਪ੍ਰਤੀ ਯਾਦਗਾਰ ਕਦੀ ਪੂਰੀ ਨਹੀਂ ਹੋਈ। ਟਰਾਂਟੋ ਕਲਾਕਾਰ ਵਾਲਟਰ ਐੱਸ ਆਲਵਾਰਡ ਦੁਆਰਾ ਬਣਾਏ, ਜਸਟੀਸਿਆ (ਜਸਟਿਸ) ਅਤੇ ਵੈਰਿਟੈਸ (ਟਰੁਥ) ਕਰੀਬ ੫੦ ਸਾਲਾਂ ਤਕ ਵਿਸਰੇ ਰਹੇ। ੧੯੬੯ ਵਿਚ ਓਹ ਇੱਕ ਮੋਟਰ ਕਾਰਾਂ ਖੜੀ ਕਰਣ ਦੀ ਥਾਂ ਥੱਲੇ ਦੱਬੇ ਆਪਣੀ ਪੇਟਿਆਂ ਵਿਚ ਲੱਭੇ ਗਏ। ਓਹਨਾਂ ਨੂੰ ੧੯੭੦ ਵਿਚ ਓਹਨਾਂ ਦੀ ਵਿਦਮਾਨ ਥਾਂ ਤੇ ਖੜਾ ਕੀਤਾ ਗਿਆ।

• ਜੱਜ ਚਿੱਟੇ ਕਨੇਡੀਅਨ ਮਿੰਕ ਨਾਲ ਸਜੇ ਲਾਲ ਜਾਮੇ ਨੂੰ ਨਵੇਂ ਜੱਜਾਂ ਦੀ ਨਿਯੁਕਤੀ ਲਈ ਸੌਹ ਚੁੱਕਣ ਜਾਂ ਤਖ਼ਤ (ਥਰੋਨ) ਤੋਂ ਵਖਿਆਨ (ਸਪੀਚ) ਪੜ੍ਹਣ ਸਮੇਂ ਅਜੇਹੇ ਕੇਵਲ ਖ਼ਾਸ ਅਉਸਰਾਂ ਤੇ ਪਹਿਣਦਾ ਹੈ।



## ਸੁਪ੍ਰੀਮ ਕੋਰਟ ਨਾਲ ਕਿਵੇਂ ਸੰਪਰਕ ਕੀਤਾ ਜਾਵੇ

**ਇੰਟਰਨੈੱਟ ਸਾਈਟ:**
www.scc-csc.gc.ca

### ਸਾਧਾਰਨ ਪੁਛ-ਗਿੱਛ

**ਈ-ਮੇਲ:**
reception@scc-csc.gc.ca

**ਟੈਲੀਫ਼ੋਨ:**
(੬੧੩) ੯੯੫-੪੩੩੦
੧-੮੮੮-੫੫੧-੧੧੮੫


**ਡਾਕ ਪਤਾ:**
The Supreme Court of Canada
301 Wellington Street
Ottawa, Ontario  K1A 0J1

### ਟੂਰ ਜਾਣਕਾਰੀ ਜਾਂ ਰਿਜ਼ਰਵੇਸ਼ਨ

**ਈ-ਮੇਲ:**
tour@scc-csc.gc.ca

**ਟੈਲੀਫ਼ੋਨ:**
(੬੧੩) ੯੯੫-੫੩੬੧
੧-੮੬੬-੩੬੦-੧੫੨੨

# ਕੈਨੇਡਾ ਦੀ ਸੁਪ੍ਰੀਮ ਕੋਰਟ









Punjabi / Pendjabi



## ਇਤਿਹਾਸ

ਕੈਨੇਡਾ ਦੀ ਸੁਪ੍ਰੀਮ ਕੋਰਟ, ੧੮੭੫ ਵਿਚ ਪਾਰਲੀਮੈਂਟ ਦੇ ਇੱਕ ਐਕਟ ਦੁਆਰਾ ਵਿਸਤਰਤ ਕੌਮੀ ਨਿਆਂ-ਵਿਵਸਥਾ ਨਾਲ ਅਪੀਲ ਦੀ ਇੱਕ ਸਧਾਰਨ ਕੋਰਟ ਵਜੋਂ, ਸਿਰਜੀ ਗਈ।

ਕਈ ਸਾਲਾਂ ਲਈ, ਇੰਗਲੈਂਡ ਵਿਚ ਪ੍ਰਾਈਵੀ ਕੌਂਸਲ ਦੀ "ਜੂਡਿਸ਼ਲ ਕਮੇਟੀ" (ਅਦਾਲਤੀ ਕਮੇਟੀ) ਪ੍ਰਤੀ ਕੋਰਟ ਦੇ ਨਿਰਣੇ ਅਪੀਲ ਕੀਤੇ ਜਾ ਸਕੇ। ੧੯੩੩ ਵਿਚ ਅਪੀਲ ਦਾ ਇਹ ਅਧਿਕਾਰ ਫ਼ੌਜਦਾਰੀ (ਕ੍ਰਿਮਨਲ) ਅਤੇ ੧੯੪੯ ਵਿਚ ਦੂਜੇ ਮੁਕੱਦਮੇਆਂ ਵਿਚ ਮੁਕ ਗਿਆ। ਸੁਪ੍ਰੀਮ ਕੋਰਟ ਹੁਣ ਕੈਨੇਡਾ ਦੀ ਅੰਤਲੀ ਅਪੀਲ ਦੀ ਕੋਰਟ ਹੈ।

ਸੁਪ੍ਰੀਮ ਕੋਰਟ ਮੁਢੋਂ, ਇੱਕ ਮੁਖ ਜੱਜ ਅਤੇ ਪੰਜ ਛੋਟੇ ਜੱਜਾਂ ਜਾਂ ਸਹਿਚਾਰੀ ਜੱਜਾਂ ਨਾਲ, ਰਚੀ ਗਈ। ੧੯੨੭ ਵਿਚ, ਜੱਜਾਂ ਦੀ ਗਿਣਤੀ ਵਧਾ ਕੇ ਸੱਤ ਅਤੇ ੧੯੪੯ ਵਿਚ "ਜੂਡਿਸ਼ਲ ਕਮੇਟੀ" ਪ੍ਰਤੀ ਅਪੀਲਾਂ ਨੂੰ ਹਟਾਉਣ ਨਾਲ ਨੌਂ, ਹੁਣ ਦੀ ਗਿਣਤੀ, ਕਰ ਦਿੱਤੀ। ਕਨੂੰਨੀ ਤੌਰ ਤੇ ਕਿਉਬੈਕ ਤੋਂ ਘਟੋ ਘੱਟ ਤਿੰਨ ਜੱਜ ਜ਼ਰੂਰ ਨਿਯੁਕਤ ਹੋਣੇ ਚਾਹੀਦੇ ਹੈ। ਰਵਾਇਤੀ ਤੌਰ ਤੇ, ਆਨਟੇਰਿਓ ਤੋਂ ਤਿੰਨ, ਪੱਛਮੀ ਸੂਬੇਆਂ ਤੋਂ ਦੋ ਅਤੇ ਅਟਲਾਂਟਕ ਸੂਬੇਆਂ ਤੋਂ ਇੱਕ ਜੱਜ ਨਿਯੁਕਤ ਹੁੰਦੇ ਹਨ।

ਜੱਜਾਂ ਨੇ ਥੋੜੇ ਵੇਲੇ ਤਕ ਸੈਨੇਟ ਦੇ ਪਹਿਲੇ "ਰੀਡੀਂਗ ਰੂਮ" ਵਿਚ ਮੁਕੱਦਮੇ ਸੁਣੇ ਅਤੇ ਬਾਅਦ ਵਿਚ ਪਾਰਲੀਮੈਂਟ (ਸੰਸਦ) ਤੋਂ ਦੂਜੇ ਕਮਰੇ ਲਿੱਤੇ। ੧੮੮੨ ਵਿਚ ਸੁਪ੍ਰੀਮ ਕੋਰਟ "ਪਾਰਲੀਮੈਂਟ ਹਿਲ" ਦੇ ਥੱਲੇ ਇੱਕ ਛੋਟੀ ਇਮਾਰਤ ਵਲ ਬਦਲੀ ਹੋ ਗਈ ਜੋ ਹੁਣ ਢਾਹ ਦਿੱਤੀ ਗਈ ਹੈ। ਵਰਤਮਾਨ ਇਮਾਰਤ ਦੀ ਉਸਾਰੀ ੧੯੩੯ ਵਿਚ ਸ਼ੁਰੂ ਹੋਈ ਪਰ ੧੯੪੬ ਤਕ ਸੁਪ੍ਰੀਮ ਕੋਰਟ ਇਸ ਇਮਾਰਤ ਵਿਚ ਬਦਲੀ ਨਹੀਂ ਹੋਈ।

ਸੁਪ੍ਰੀਮ ਕੋਰਟ, ਜਿਸ ਦੀ ਹੁਣ ਇੱਕ ਵਿਰਸਈ ਪਦਵੀ ਹੈ, ਦੀ ਇਮਾਰਤ ਦਾ ਖ਼ਾਕਾ, ਮਾਨਟ੍ਰੀਆਲ ਦੇ ਮੰਨੇ-ਪਰਵੰਨੇ ਉਸਰਈ ਅਰਨੈੱਸਟ ਕਾਰਮੀਅਰ ਦੁਆਰਾ ਖਿੱਚਿਆ ਗਿਆ। ਇਹ "ਔਟਵਾ ਰਿਵਰ" ਦੇ ਉਤਾਹਾਂ "ਪਾਰਲੀਮੈਂਟ ਬਿਲਡਿੰਗ" ਦੇ ਬਸ ਪੱਛਮੀ ਪਾਸੇ ਸਥਿਤ ਹੈ। ੧੯੪੧ ਵਿਚ ਇਮਾਰਤ ਪੂਰੀ ਹੋ ਗਈ ਸੀ ਪਰ ਅਗਲੇ ਚਾਰ ਸਾਲਾਂ ਲਈ ਉਸ ਦੀ ਵਰਤੋਂ ਯੁੱਧ ਸਮੇਂ ਦੇ ਸਰਕਾਰੀ ਦਫ਼ਤਰਾਂ ਲਈ ਕੀਤੀ ਗਈ ਸੀ।

ਪਰਭਾਵਸ਼ਾਲੀ ਢਾਂਚੇ ਵਿਚ ਇੱਕ ਵੱਡਾ ਦਾਖ਼ਲ ਹਾਲ, ਸੁਪ੍ਰੀਮ ਕੋਰਟ ਦਾ ਮੁਖ ਅਦਾਲਤ ਕਮਰਾ, ਜੱਜਾਂ ਦੇ ਦਫ਼ਤਰ, ਕਾਨਫ਼ਰੰਸ ਕਮਰਾ, ਪ੍ਰਬੰਧਕੀ ਸਟਾਫ਼ ਦਾ ਦਫ਼ਤਰ, ਇੱਕ ਪੁਸਤਕਾਲਾ ਅਤੇ ਕੈਨੇਡਾ ਦੀ "ਫ਼ੈਡਰਲ ਕੋਰਟ" (ਸੰਧਾਨੀ ਕੋਰਟ) ਦੁਆਰਾ ਵਰਤੀਦੇ ਦੋ ਕਮਰੇ ਹਨ।



## ਸੁਪ੍ਰੀਮ ਕੋਰਟ ਦੀ ਨਿਆਂ-ਵਿਵਸਥਾ

ਸੁਪ੍ਰੀਮ ਕੋਰਟ ਅਪੀਲ ਦੀ ਕੋਰਟ ਹੈ। ਇਹ ਸੂਬਾਈ, ਇਲਾਕਾਈ ਅਪੀਲ-ਅਧਿਕਾਰਿਤ ਅਦਾਲਤਾਂ ਅਤੇ ਗ਼ੈਰ-ਫ਼ੌਜਦਾਰੀ "ਫ਼ੈਡਰਲ ਕੋਰਟ ਆਵ ਅਪੀਲ" ਤੋਂ ਆਏ (ਸਿਵਲ), ਫ਼ੌਜਦਾਰੀ, ਵਿਧਾਨਕ ਅਤੇ ਪ੍ਰਬੰਧਕੀ ਕਨੂੰਨ ਵਿਸ਼ੇਆਂ ਦੇ ਮੁਕੱਦਮੇਆਂ ਤੇ ਪੁਨਰ-ਵਿਚਾਰ ਕਰਦੀ ਹੈ। ਬਾਹਲੇ ਮੁਕੱਦਮੇਆਂ ਵਿਚ, ਸੁਪ੍ਰੀਮ ਕੋਰਟ ਦੁਆਰਾ ਅਪੀਲ ਕੇਵਲ ਤਾਂ ਸੁਣੀ ਜਾਉਂਦੀ ਹੈ ਜੇ ਪਹਿਲਾਂ ਅਪੀਲ ਕਰਣ ਦੀ ਆਗਿਆ ਦਿੱਤੀ ਗਈ ਹੋਵੇ। ਸੁਪ੍ਰੀਮ ਕੋਰਟ ਅਜੇਹੀ ਆਗਿਆ (ਜਿਸ ਨੂੰ "ਲੀਵ ਟੂ ਅਪੀਲ" ਆਖਦੇ ਹਨ) ਤਾਂ ਦੇਵੇਗੀ ਜੇ ਪਬਲਕ ਮਹੱਤਾ ਸੰਬੰਧਤ ਕੋਈ ਪ੍ਰਸ਼ਨ ਹੋਵੇ ਜਾਂ ਕਨੂੰਨ ਦਾ ਕੋਈ ਮਹੱਤਵਪੂਰਨ ਵਿਸ਼ਾ ਹੋਵੇ।





## ਅਜਲਾਸ (ਸੈਸ਼ਨ) ਵਿਚ ਸੁਪ੍ਰੀਮ ਕੋਰਟ

ਸੁਪ੍ਰੀਮ ਕੋਰਟ ਦੀ ਬੈਠਕ ਔਟਵਾ ਵਿਚ ਹੁੰਦੀ ਹੈ। ਹਰ ਸਾਲ ਇਸ ਨੂੰ ਲਗਭਗ ੬੦੦ "ਲੀਵ ਟੂ ਅਪੀਲ" ਲਈ ਅਰਜ਼ਿਆਂ ਪ੍ਰਾਪਤ ਹੁੰਦਿਆ ਹਨ ਪਰ ਕੇਵਲ ਲਗਭਗ ੧੦੦ ਅਪੀਲਾਂ ਦੀ ਸੁਣਵਾਈ ਹੁੰਦੀ ਹੈ। ਵਿਵਾਦੀ ਦੁਰੇਡ ਥਾਂਵਾਂ ਤੋਂ ਵੀਡੀਓ-ਕਾਨਫ਼ਰੰਸ ਪਰਨਾਲੀ ਰਾਹੀਂ ਜ਼ਬਾਨੀ ਦਲੀਲਾਂ ਪੇਸ਼ ਕਰ ਸਕਦੇ ਹਨ।

ਅਪੀਲ ਸੁਣਨ ਲਈ ਗਿਣਤੀ ਵਿਚ ਘਟੋ-ਘੱਟ ਪੰਜ ਜੱਜਾਂ ਦੀ ਲੋੜ ਹੁੰਦੀ ਹੈ। ਫਿਰ ਵੀ, ਬਾਹਲੇ ਮੁਕੱਦਮੇ ਸੱਤ ਜਾਂ ਨੌਂ ਜੱਜ ਸਮੂਹ ਦੁਆਰਾ ਸੁਣੇ ਜਾਉਂਦੇ ਹਨ। ਸੁਪ੍ਰੀਮ ਕੋਰਟ ਦਾ ਫ਼ੈਸਲਾ ਕਦੀ-ਕਦਾਈਂ ਸੁਣਵਾਈ ਦੇ ਅੰਤ ਤੇ ਕਰ ਦਿੱਤਾ ਜਾਉਂਦਾ ਹੈ ਪਰ ਬਾਹਲੇ ਮੁਕੱਦਮੇਆਂ ਵਿਚ ਫ਼ੈਸਲੇ ਨੂੰ ਜੱਜਾਂ ਨੂੰ ਗਹੁ ਕੀਤੇ ਕਾਰਣਾਂ ਨੂੰ ਲਿਖਣ ਯੋਗ ਕਰਣ ਲਈ ਰੱਖ ਦਿੱਤਾ ਜਾਉਂਦਾ ਹੈ। ਸੁਪ੍ਰੀਮ ਕੋਰਟ ਦੇ ਫ਼ੈਸਲੇ ਸਰਬ-ਸੰਮਤੀ ਦੇ ਹੋ ਸਕਦੇ ਹਨ ਜਾਂ ਘਟ-ਸੰਮਤੀ ਦੁਆਰਾ ਦਿੱਤੇ ਮਤ-ਭੇਦ ਸਹਿਤ ਕਾਰਣਾਂ ਤੇ ਬਹੁ-ਸੰਮਤੀ ਫ਼ੈਸਲਾ ਕਰ ਸਕਦੀ ਹੈ। ਸੁਪ੍ਰੀਮ ਕੋਰਟ ਦੇ ਫ਼ੈਸਲੇ ਅਤੇ ਕਾਰਣ ਛਪੇ ਹੁੰਦੇ ਹਨ ਅਤੇ ਨਾਲੇ ਇਸ ਦੀ ਇੰਟਰਨੈੱਟ ਸਾਈਟ ਤੇ ਪਾ ਦਿੱਤੇ ਜਾਉਂਦੇ ਹਨ।



ਸੁਪ੍ਰੀਮ ਕੋਰਟ ਵਰ੍ਹੇ ਦੇ ਵਰ੍ਹੇ ਸਿਆਲ, ਬਸੰਤ ਅਤੇ ਪਤ-ਝੜ ਵਿਚ ਤਿੰਨ ਸੈਸ਼ਨ ਕਰਦੀ ਹੈ। ਸੁਣਵਾਇਆਂ ਪਬਲਕ ਵਾਸਤੇ ਖੁੱਲ੍ਹਿਆਂ ਹਨ। ਆਮ ਤੌਰ ਤੇ ਜੁਲਾਈ, ਅਗੱਸਤ ਅਤੇ ਸਤੰਬਰ ਵਿਚ ਛੱਡ ਕੇ, ਸੁਪ੍ਰੀਮ ਕੋਰਟ ਦੀ ਬੈਠਕ ਸੋਮਵਾਰ ਤੋਂ ਸ਼ੁਕਰਵਾਰ ਸਵੇਰੇ ੯:੩੦ ਵਜੇ ਤੋਂ ਲੈ ਕੇ ਦੋਪਹਰ ੧੨:੩੦ ਵਜੇ ਤਕ ਅਤੇ ਦੋਪਹਰ ੨ ਵਜੇ ਤੋਂ ਲੈ ਕੇ ਸ਼ਾਮ ੪ ਵਜੇ ਤਕ ਹੁੰਦੀ ਹੈ।



## ਸੁਪ੍ਰੀਮ ਕੋਰਟ ਪ੍ਰਤੀ ਫੇਰਿਆਂ

ਮਈ ੧ ਤੋਂ ਅਗਸਤ ੩੧ ਤਕ, ਸੁਪ੍ਰੀਮ ਕੋਰਟ ਦੀ ਇਮਾਰਤ ਪਬਲਕ ਵਾਸਤੇ ਰੋਜ਼ਾਨਾ ਸਵੇਰੇ ੯ ਵਜੇ ਤੋਂ ਲੈ ਕੇ ਸ਼ਾਮ ੫ ਵਜੇ ਤਕ ਖੁੱਲ੍ਹੀ ਰਹਿੰਦੀ ਹੈ। ਕਨੂੰਨ ਦੇ ਵਿਦਿਆਰਥੀ ਰਾਹ-ਦੱਸੂ (ਗਾਈਡਿਡ) ਟੂਰ ਸੰਚਾਲਤ ਕਰਦੇ ਹਨ।

ਸਤੰਬਰ ੧ ਤੋਂ ਅਪ੍ਰੈਲ ੩੦ ਤਕ, ਪਬਲਕ ਨੂੰ ਇਮਾਰਤ ਦੀ ਰਸਾਈ ਕੇਵਲ ਸੋਮਵਾਰ ਤੋਂ ਸ਼ੁਕਰਵਾਰ ਸਵੇਰੇ ੯ ਵਜੇ ਤੋਂ ਲੈ ਕੇ ਸ਼ਾਮ ੫ ਵਜੇ ਤਕ ਹੈ ਅਤੇ ਰਾਹ-ਦੱਸੂ ਟੂਰ ਕੇਵਲ ਰਿਜ਼ਰਵੇਸ਼ਨ ਰਾਹੀਂ ਹੁੰਦੇ ਹਨ। ਜੁੱਟ ਫੇਰਿਆਂ ਦਾ ਇੰਤਜ਼ਾਮ ਸਾਰੇ ਸਾਲ ਕੀਤਾ ਜਾ ਸਕਦਾ ਹੈ। ਰਿਜ਼ਰਵੇਸ਼ਨ ਲਈ (੬੧੩) ੯੯੫-੫੩੬੧ ਤੇ ਕਾਲ ਕਰੋ। ਵਧੇਰੀ ਜਾਣਕਾਰੀ ਲਈ, ਕੋਰਟ ਦੀ ਇੰਟਰਨੈੱਟ ਸਾਈਟ www.scc-csc.gc.ca ਤੇ ਜਾਓ।